ਦਫਤਰ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ) ਬਠਿੰਡਾ

deose.bathinda@punjabeducation.gov.in

ਵੱਲ

ਸਮੂਹ ਸਕੂਲ ਮੁਖੀ
ਸਹਸ/ਸਸਸਸ
ਜਿਲ੍ਹਾ ਬਠਿੰਡਾ ।

ਪੱਤਰ ਨੰ: ਜੀ-1/1 ( )2026 / 6042
ਮਿਤੀ ਬਠਿੰਡਾ : 12/11/26

ਵਿਸ਼ਾ : **ਕੈਰੀਅਰ ਕਾਉਂਸਲਿੰਗ ਪੋਰਟਲ ਨੂੰ ਕਾਰਜਸ਼ੀਲ ਬਣਾਉਣ ਲਈ ਵਿਦਿਆਰਥੀਆਂ ਦੀ ਰਜਿਸਟਰੇਸ਼ਨ ਕਰਨ ਸਬੰਧੀ ।**

ਹਵਾਲਾ : **ਆਪ ਜੀ ਦੇ ਮੀਮੋ ਨੰਬਰ : 532/G&C ਮਿਤੀ : 16-10-26 ਦੇ ਸਬੰਧ ਵਿਚ।**

ਉਪਰੋਕਤ ਵਿਸ਼ੇ ਅਤੇ ਹਵਾਲੇ ਦੇ ਸਬੰਧ ਵਿਚ ਲਿਖਿਆ ਜਾਂਦਾ ਹੈ ਕਿ ਕੈਰੀਅਰ ਕਾਉਂਸਲਿੰਗ ਪੋਰਟਲ **(career portal.Punjab.gov.in)** ਨੂੰ ਕਾਰਜਸ਼ੀਲ ਬਣਾਉਣ ਲਈ 9ਵੀਂ ਤੋਂ 12ਵੀਂ ਜਮਾਤ ਦੇ ਵਿਦਿਆਰਥੀਆਂ ਦੀ ਵੱਧ ਤੋਂ ਵੱਧ ਰਜਿਸਟਰੇਸ਼ਨ ਕੀਤੀ ਜਾਵੇ । ਇਸ ਸਬੰਧੀ ਲਗਾਏ ਗਏ ਜਿਲ੍ਹੇ ਦੇ ਕੈਰੀਅਰ ਅਧਿਆਪਕ ਮਿਸ ਸਹਿਲਦੀਪ ਕੌਰ ਨੂੰ ਪੂਰਨ ਸਹਿਯੋਗ ਦਿੱਤਾ ਜਾਵੇ ਤਾਂ ਜੋ ਉਨ੍ਹਾਂ ਨੂੰ ਕੈਰੀਅਰ ਕਾਉਂਸਲਿੰਗ ਸਬੰਧੀ ਕਿਸੇ ਪ੍ਰਕਾਰ ਦੀ ਸਮੱਸਿਆ ਦਾ ਸਾਹਮਣਾ ਨਾ ਕਰਨਾ ਪਵੇ । ਜੇਕਰ ਕੋਈ ਸਕੂਲ ਮੁਖੀ ਵਿਦਿਆਰਥੀਆਂ ਦੀ ਰਜਿਸਟਰੇਸ਼ਨ ਬਣਾਏ ਗਏ ਪੋਰਟਲ ਤੇ ਦਰਜ ਨਹੀਂ ਕਰਦਾ ਤਾਂ ਉੱਚ ਦਫਤਰ ਦੀਆਂ ਹਦਾਇਤਾਂ ਦੀ ਪਾਲਣਾ ਦੇ ਅਨੁਸਾਰ ਅਨੁਸ਼ਾਸਨੀ ਕਾਰਵਾਈ ਆਰੰਭੀ ਜਾਵੇਗੀ ।

ਜਿਲ੍ਹਾ ਸਿੱਖਿਆ ਅਫਸਰ (ਸੈ.ਸਿ)
ਬਠਿੰਡਾ

ਪਿਠ ਅੰਕਣ ਨੰ : ਉਕਤ ਮਿਤੀ : ਉਕਤ

ਉਪਰੋਕਤ ਦਾ ਉਤਾਰਾ ਮਾਨਯੋਗ ਡਾਇਰੈਕਟਰ ਰਾਜ ਵਿੱਦਅਕ ਖੋਜ ਅਤੇ ਸਿਖਲਾਈ ਪ੍ਰੀਸ਼ਦ ਐਸ.ਏ.ਐਸ.ਨਗਰ ਪੰਜਾਬ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ ।

ਜਿਲ੍ਹਾ ਸਿੱਖਿਆ ਅਫਸਰ (ਸੈ.ਸਿ)
ਬਠਿੰਡਾ

Scanned with OKEN Scanner